# ਦਫ਼ਤਰ ਨਗਰ ਨਿਗਮ ਹੁਸ਼ਿਆਰਪੁਰ

# ਪ੍ਰੈਸ ਨੋਟ

## ਵਾਰਡ ਨੰ: 14 ਵਿੱਚ ਜਲਦ ਹੀ ਲਗੇਗਾ ਨਵਾਂ ਟਿਊਬਵੈਲ.....ਮੇਅਰ ਸ਼ਿਵ ਸੂਦ

## ਮੇਅਰ ਸ਼ਿਵ ਸੂਦ ਨੇ ਵਾਰਡ ਨੰ: 14 ਦੀਆਂ ਮੁਸ਼ਕਿਲਾਂ ਦੀ ਜਾਣਕਾਰੀ ਲਈ

ਹੁਸ਼ਿਆਰਪੁਰ 28 ਮਈ ਨਗਰ ਨਿਗਮ ਦੇ ਮੇਅਰ ਸ਼ਿਵ ਸੂਦ ਨੇ ਵਾਰਡ ਨੰ: 14 ਦੇ ਕੌਂਸਲਰ ਬਲਵਿੰਦਰ ਬਿੰਦੀ ਦੇ ਨਾਲ ਉਹਨਾਂ ਦੇ ਵਾਰਡ ਦੇ ਮੁੱਹਲਾ ਸੁੰਦਰ ਨਗਰ ਅਤੇ ਰਹੀਮਪੁਰ ਦਾ ਦੌਰਾ ਕਰਕੇ ਮੁਸ਼ਕਿਲਾਂ ਸਬੰਧੀ ਜਾਣਕਾਰੀ ਹਾਸਲ ਕੀਤੀ। ਕੌਂਸਲਰ ਬਲਵਿੰਦਰ ਬਿੰਦੀ ਨੇ ਇਸ ਮੌਕੇ ਤੇ ਮੇਅਰ ਸ਼ਿਵ ਸੂਦ ਨੂੰ ਪਾਣੀ ਦੀ ਸਪਲਾਈ ਠੀਕ ਕਰਨ ਅਤੇ ਕੁਝੱ ਗਲੀਆਂ ਪੱਕੀਆਂ ਕਰਨ ਸਬੰਧੀ ਬੇਨਤੀ ਕੀਤੀ। ਮੇਅਰ ਸ਼ਿਵ ਸੂਦ ਇਸ ਮੌਕੇ ਤੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜਿਹਨ੍ਹਾਂ ਮੁੱਹਲਿਆਂ ਵਿੱਚ ਸੀਵਰੇਜ਼ ਪਾਓਣ ਕਾਰਨ ਗਲੀਆਂ ਅਤੇ ਸੜਕਾਂ ਖਰਾਬ ਹੋਇਆਂ ਹਨ ਉਹਨਾਂ ਨੂੰ ਜਲਦੀ ਹੀ ਬਣਾਇਆ ਜਾਵੇਗਾ। ਨਗਰ ਨਿਗਮ ਵੱਲੋਂ ਜਲਦੀ ਹੀ ਵਾਰਡ ਨੰ: 14 ਵਿੱਚ ਪੀਣ ਵਾਲੇ ਪਾਣੀ ਦਾ ਨਵਾਂ ਟਿਊਬਵੈਲ ਲਗਾਇਆ ਜਾ ਰਿਹਾ ਹੈ ਜਿਸ ਦੇ ਲਗਣ ਨਾਲ ਪੀਣ ਵਾਲੇ ਪਾਣੀ ਦੀ ਕੋਈ ਕਮੀ ਨਹੀਂ ਰਹੇਗੀ। ਕੌਂਸਲਰ ਸੁਰੇਸ਼ ਭਾਟਿਆ ਬਿਟੂ, ਰਮੇਸ਼ ਕੁਮਾਰ ਠਾਕੁਰ, ਅਸ਼ੋਕ ਕੁਮਾਰ, ਵਿਨੋਦ ਪਰਮਾਰ,ਰਾਮਸਰੂਪ, ਰਾਮਭਜਨ, ਰਜੇਸ਼ ਕੁਮਾਰ, ਰਕੇਸ਼ ਕੁਮਾਰ, ਜਤਿੰਦਰ ਅਤੇ ਮੁੱਹਲਾ ਨਿਵਾਸੀ ਵੀ ਇਸ ਮੌਕੇ ਤੇ ਹਾਜ਼ਰ ਸਨ।